ਦਫ਼ਤਰ ਖੇਤੀਬਾੜੀ ਸਲਾਹਕਾਰ, ਸਿੱਖਿਆ ਵਿਭਾਗ ਪੰਜਾਬ, ਐਸ.ਏ.ਐਸ.ਨਗਰ
ਪੰ.ਸ.ਸਿੱ.ਬੋ.ਕੰਪ., ਬਲਾਕ-ਈ, 7ਵੀਂ ਮੰਜਿਲ, ਫੇਜ਼-8, ਮੋਹਾਲੀ
ਈਮੇਲ: agriconsldpise@gmail.com

ਸੇਵਾ ਵਿਖੇ

ਖੇਤੀਬਾੜੀ ਫਾਰਮਾਂ ਵਾਲੇ ਸਮੂਹ ਸਕੂਲ ਮੁੱਖੀ,
ਪੰਜਾਬ।

ਮੀਮੋ ਨੰਬਰ: ਈ- 480195/DPISE-SPLCOGENL/30/2023-SPECIAL CELL-DPISE/ 2023205616/25/7/23
ਮਿਤੀ: ਐਸਏਐਸ ਨਗਰ:

ਵਿਸ਼ਾ:- ਖੇਤੀਬਾੜੀ ਫਾਰਮਾਂ ਦੀ ਜਮੀਨ ਦੀ ਆਮਦਨ ਦੇ ਵੇਰਵੇ ਮੰਗਵਾਉਣ ਸਬੰਧੀ।

ਹਵਾਲਾ: ਇਸ ਦਫ਼ਤਰ ਦੇ ਪੱਤਰ ਨੰਬਰ ਈ- 480195/DPISE-SPLCOGENL/30/2023-SPECIAL CELL-DPISE/ 7174211 ਮਿਤੀ 06.04.2023 ਦੇ ਹਵਾਲੇ ਵਿੱਚ।

ਉਪਰੋਕਤ ਵਿਸ਼ੇ ਤੇ ਇਸ ਦਫ਼ਤਰ ਦੇ ਹਵਾਲਾ ਅਧੀਨ ਪੱਤਰ ਰਾਹੀਂ ਇਸ ਦਫ਼ਤਰ ਅਧੀਨ ਖੇਤੀਬਾੜੀ ਫਾਰਮਾਂ ਵਾਲੇ ਸਕੂਲਾਂ ਲਈ ਫਾਰਮਾਂ ਦੀ ਜਮੀਨ ਨੂੰ ਸਾਲ 2023-24 ਵਾਸਤੇ ਬੋਲੀ ਰਾਹੀਂ ਠੇਕੇ ਤੇ ਦੇਣ ਵਾਸਤੇ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਇਹ ਪੱਤਰ ਵਿਭਾਗ ਦੀ ਵੈਬਸਾਈਟ ਰਾਹੀਂ ਜਾਰੀ ਕੀਤਾ ਗਿਆ ਸੀ। ਪੱਤਰ ਨਾਲ ਖੇਤੀਬਾੜੀ ਫਾਰਮਾਂ ਤੋਂ ਹੋਣ ਵਾਲੀ ਆਮਦਨ ਦੇ ਵੇਰਵੇ ਲੈਣ ਲਈ ਪ੍ਰੋਫਾਰਮਾਂ ਭੇਜਦੇ ਹੋਇਆ ਫਾਰਮਾਂ ਵਾਲੇ ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਗਈ ਸੀ ਕਿ ਫਾਰਮ ਤੋਂ ਹੋਣ ਵਾਲੀ ਆਮਦਨ ਦੇ ਵੇਰਵੇ ਦਫ਼ਤਰ ਵੱਲੋਂ ਭੇਜੇ ਗਏ ਪ੍ਰੋਫਾਰਮੇ ਵਿੱਚ ਭਰ ਕੇ ਇਸ ਦਫ਼ਤਰ ਦੀ ਈਮੇਲ agriconsldpise@gmail.com ਤੇ ਭੇਜੇ ਜਾਣ।

ਪ੍ਰੰਤੂ ਬੜੇ ਖੇਦ ਦੀ ਗੱਲ ਹੈ ਕਿ ਅਜੇ ਤੱਕ ਵੀ ਬਹੁਤ ਸਾਰੇ ਸਕੂਲਾਂ ਵੱਲੋਂ ਨਿਰਧਾਰਤ ਪ੍ਰੋਫਾਰਮੇ ਵਿੱਚ ਖੇਤੀਬਾੜੀ ਫਾਰਮਾਂ ਤੋਂ ਸਾਲ 2023-24 ਦੌਰਾਨ ਪ੍ਰਾਪਤ ਹੋਈ ਆਮਦਨ ਦੇ ਵੇਰਵੇ ਇਸ ਦਫ਼ਤਰ ਨੂੰ ਨਹੀਂ ਭੇਜੇ ਗਏ ਜਿਸ ਕਾਰਨ ਸਮੂਹ ਸਕੂਲਾਂ ਦੀ ਆਮਦਨ ਦੇ ਵੇਰਵੇ ਸੰਕਲਿਤ ਕਰਨ ਵਿੱਚ ਮੁਸ਼ਕਿਲ ਪੇਸ਼ ਆ ਰਹੀ ਹੈ।

ਉਕਤ ਦੇ ਸਨਮੁੱਖ ਖੇਤੀਬਾੜੀ ਫਾਰਮਾਂ ਵਾਲੇ ਸਕੂਲਾਂ ਨੂੰ ਲਿਖਿਆ ਜਾਂਦਾ ਹੈ ਕਿ ਜਿਨ੍ਹਾਂ ਸਕੂਲਾਂ ਵੱਲੋਂ ਖੇਤੀਬਾੜੀ ਫਾਰਮ ਦੀ ਸਾਲ 2023-24 ਦੀ ਆਮਦਨ ਦੇ ਵੇਰਵੇ ਦਫ਼ਤਰ ਵੱਲੋਂ ਮਿਤੀ 06.04.2023 ਨੂੰ ਜਾਰੀ ਹਦਾਇਤਾਂ ਨਾਲ ਭੇਜੇ ਪ੍ਰੋਫਾਰਮੇ ਵਿੱਚ ਭਰ ਕੇ ਇਸ ਦਫ਼ਤਰ ਨੂੰ ਨਹੀਂ ਭੇਜੇ ਗਏ ਉਹ ਬਿਨ੍ਹਾਂ ਕਿਸੇ ਦੇਰੀ ਦੇ ਦੋ ਦਿਨ ਦੇ ਅੰਦਰ ਅੰਦਰ ਇਹ ਵੇਰਵੇ ਦਫ਼ਤਰ ਦੀ ਈਮੇਲ agriconsldpise@gmail.com ਤੇ ਭੇਜਣੇ ਯਕੀਨ ਬਣਾਉਣ। ਦੋ ਦਿਨ ਦੇ ਅੰਦਰ ਅੰਦਰ ਵੇਰਵੇ ਨਾਂ ਭੇਜਣ ਵਾਲੇ ਸਕੂਲਾਂ ਦੀ ਸੂਚੀ ਬਣਦੀ ਕਾਰਵਾਈ ਲਈ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆ ਦਿੱਤੀ ਜਾਵੇਗੀਂ। ਜਿਸਦੀ ਨਿਰੋਲ ਜਿੰਮੇਵਾਰੀ ਸਬੰਧਤ ਸਕੂਲ ਮੁੱਖੀ ਦੀ ਹੋਵੇਗੀ।

**ਸਹਾਇਕ ਡਾਇਰੈਕਟਰ (ਖੇਤੀਬਾੜੀ)**